**ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਅੰਮ੍ਰਿਤਸਰ**

**ਸੋਨੀ ਨੇ ਪੰਜਾਬ ਸਰਕਾਰ ਵੱਲੋਂ ਆਏ ਸੁੱਕੇ ਰਾਸ਼ਨ ਦੇ 4 ਟਰੱਕ ਅੰਮ੍ਰਿਤਸਰ ਕੇਂਦਰੀ ਹਲਕੇ ਲਈ ਭੇਜੇ**

**1200 ਪਰਿਵਾਰਾਂ ਲਈ ਸੁੱਕਾ ਰਾਸ਼ਨ ਤੇ 400 ਪਰਿਵਾਰਾਂ ਲਈ ਭੇਜਿਆ ਤਿਆਰ ਲੰਗਰ**

ਅੰਮ੍ਰਿਤਸਰ, 12 ਅਪ੍ਰੈਲ ( )---ਡਾਕਟਰੀ ਸਿੱਖਿਆ ਤੇ ਖੋਜ ਮੰਤਰੀ ਸ੍ਰੀ ਓ. ਪੀ. ਸੋਨੀ ਵੱਲੋਂ ਅੰਮ੍ਰਿਤਸਰ ਕੇਂਦਰੀ ਹਲਕੇ ਦੇ ਲੋੜਵੰਦ ਲੋਕਾਂ ਤੱਕ ਲਗਾਤਾਰ ਖੁਰਾਕ ਪਦਾਰਥ, ਜਿਸ ਵਿਚ ਸੁੱਕਾ ਰਾਸ਼ਨ ਅਤੇ ਤਿਆਰ ਲੰਗਰ ਸ਼ਾਮਿਲ ਹੈ, ਦੇ ਟਰੱਕ ਭੇਜੇ ਜਾ ਰਹੇ ਹਨ। ਅੱਜ ਉਨਾਂ ਆਪਣੇ ਹਲਕੇ ਦੀਆਂ ਬਾਹਰਲੀਆਂ ਵਾਰਡਾਂ ਲਈ 1200 ਪਰਿਵਾਰਾਂ ਵਾਸਤੇ ਸੁੱਕਾ ਰਾਸ਼ਨ, ਜੋ ਕਿ ਪੰਜਾਬ ਸਰਕਾਰ ਦੀ ਤਰਫੋਂ ਆਇਆ ਹੈ ਅਤੇ ਅੰਦਰਲੀਆਂ ਵਾਰਡਾਂ ਲਈ 400 ਪਰਿਵਾਰਾਂ ਦਾ ਤਿਆਰ ਲੰਗਰ ਜੋ ਕਿ ਸਮਾਜ ਸੇਵੀ ਸੱਜਣਾਂ ਨੇ ਭੇਜਿਆ ਸੀ, ਦੇ 4 ਟਰੱਕ ਰਵਾਨਾ ਕੀਤੇ। ਉਨਾਂ ਕਿਹਾ ਕਿ ਪੰਜਾਬ ਸਰਕਾਰ ਹਰੇਕ ਲੋੜਵੰਦ ਨਾਲ ਖੜੀ ਹੈ ਅਤੇ ਕਿਸੇ ਨੂੰ ਵੀ ਸੰਕਟ ਦੇ ਇਨਾਂ ਦਿਨਾਂ ਦੌਰਾਨ ਭੁੱਖਾ ਨਹੀਂ ਰਹਿਣ ਦਿੱਤਾ ਜਾਵੇਗਾ।

ਸ੍ਰੀ ਸੋਨੀ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਵੱਲੋਂ ਲੋੜਵੰਦ ਲੋਕਾਂ ਤੱਕ 10 ਲੱਖ ਸੁੱਕੇ ਰਾਸ਼ਨ ਦੇ ਪੈਕ ਭੇਜੇ ਜਾ ਰਹੇ ਹਨ ਅਤੇ ਇਹ ਕੰਮ ਸਾਰੇ ਪੰਜਾਬ ਵਿਚ ਨਿਰੰਤਰ ਜਾਰੀ ਹੈ। ਉਨਾਂ ਕਿਹਾ ਕਿ ਇਸ ਤੋਂ ਇਲਾਵਾ ਵੀ ਮੈਂ ਲੋੜਵੰਦ ਲੋਕਾਂ ਤੱਕ ਲਗਾਤਾਰ ਸੁੱਕੇ ਰਾਸ਼ਨ ਦੇ ਪੈਕਟ ਜਿਸ ਵਿਚ ਆਟਾ, ਦਾਲਾਂ, ਹਲਦੀ, ਤੇਲ, ਕਣਕ, ਖੰਡ, ਪੱਤੀ ਸ਼ਾਮਿਲ ਹੈ, ਵੀ ਘਰ-ਘਰ ਭੇਜ ਰਿਹਾ ਹਾਂ। ਉਨਾਂ ਦੱਸਿਆ ਕਿ ਸਾਡੀ ਕੋਸ਼ਿਸ਼ ਹੈ ਕਿ ਹਰੇਕ ਲੋੜਵੰਦ ਦੇ ਘਰਾਂ ਵਿਚ ਜਾ ਕੇ ਸੁੱਕਾ ਰਾਸ਼ਨ ਦਿੱਤਾ ਜਾਵੇ। ਸ੍ਰੀ ਸੋਨੀ ਨੇ ਇਸ ਨੇਕ ਕੰਮ ਵਿਚ ਲੱਗੀਆਂ ਸੰਸਥਾਵਾਂ ਤੇ ਸਮਾਜ ਸੇਵੀਆਂ ਦੀ ਪ੍ਰਸੰਸਾ ਕਰਦੇ ਕਿਹਾ ਕਿ ਸ਼ਹਿਰ ਵਿਚ ਬਹੁਤ ਸੰਸਥਾਵਾਂ ਇਸ ਕੰਮ ਵਿਚ ਸਾਡਾ ਸਾਥ ਦੇ ਰਹੀਆਂ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ੍ਰੀ ਵਿਕਾਸ ਸੋਨੀ, ਸ੍ਰੀ ਰਾਘਵ ਸੋਨੀ, ਡਿਪਟੀ ਮੇਅਰ ਸ੍ਰੀ ਯੂਨਸ ਕੁਮਾਰ, ਪਰਮਜੀਤ ਸਿੰਘ ਚੋਪੜਾ, ਕੌਂਸਲਰ ਸਰਬਜੀਤ ਸਿੰਘ ਲਾਟੀ, ਕੌਂਸਲਰ ਸੁਰਿੰਦਰ ਛਿੰਦਾ ਅਤੇ ਹੋਰ ਲੋਕ ਹਾਜ਼ਰ ਹਾਜ਼ਰ ਸਨ।

ਕੈਪਸ਼ਨ:--ਅੰਮ੍ਰਿਤਸਰ ਕੇਂਦਰੀ ਹਲਕੇ ਲਈ ਰਾਸ਼ਨ ਦੇ 4 ਟਰੱਕ ਰਵਾਨਾ ਕਰਨ ਮੌਕੇ ਸ੍ਰੀ ਓ. ਪੀ. ਸੋਨੀ।

## ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਅੰਮ੍ਰਿਤਸਰ

## ਸਹਾਇਕ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਸੁਣੇ ਲੋਕਾਂ ਦੇ ਮਸਲੇ

## ਅੱਜ 580 ਲੋਕਾਂ ਨੇ ਕੰਟਰੋਲ ਰੂਮ ਤੋਂ ਮੰਗੀ ਸਹਾਇਤਾ

ਅੰਮ੍ਰਿਤਸਰ, 12 ਅਪ੍ਰੈਲ ( )-ਕਰਫਿਊ ਦੌਰਾਨ ਜਿਲਾ ਵਾਸੀਆਂ ਦੀਆਂ ਮੁਸ਼ਿਕਲਾਂ ਸੁਣਨ ਅਤੇ ਉਨਾਂ ਦਾ ਹੱਲ ਕਰਨ ਲਈ ਬਣਾਏ ਗਏ ਬਣਾਏ ਗਏ ਕੰਟਰੋਲ ਰੂਮ, ਜੋ ਕਿ ਕਰਫਿਊ ਵਾਲੇ ਦਿਨ ਤੋਂ ਲਗਾਤਾਰ ਕੰਮ ਕਰ ਰਿਹਾ ਹੈ, ਵਿਚ ਅਜੱ ਸਹਾਇਕ ਕਮਿਸ਼ਨਰ ਸ. ਅੰਕੁਰਜੀਤ ਸਿੰਘ (ਆਈ ਏ ਐਸ) ਨੇ ਆਪ ਬੈਠ ਕੇ ਲੋਕਾਂ ਦੇ ਫੋਨ ਸੁਣੇ ਅਤੇ ਉਨਾਂ ਨੂੰ ਹਰ ਤਰਾਂ ਦੀ ਮਦਦ ਦੇਣ ਲਈ ਸਬੰਧਤ ਟੀਮਾਂ ਨੂੰ ਇਹ ਨੰਬਰ ਅੱਗੇ ਭੇਜਦੇ ਹੋਏ ਤਰੁੰਤ ਸਹਾਇਤਾ ਦੇਣ ਦੀ ਹਦਾਇਤ ਕੀਤੀ। ਉਨਾਂ ਦੱਸਿਆ ਕਿ ਇਹ ਕੰਟਰੋਲ ਰੂਮ 24 ਘੰਟੇ ਤਿੰਨ ਸਿਫਟਾਂ ਵਿਚ ਚੱਲਦਾ ਹੋਣ ਕਾਰਨ ਅੱਜ ਦੀ ਗਿਣਤੀ ਤਾਂ ਰਾਤ ਨੂੰ ਕੀਤੀ ਜਾਵੇਗੀ, ਪਰ ਕੱਲ ਤੱਕ ਅਸੀਂ ਇੱਥੇ 580 ਲੋਕਾਂ ਦੇ ਫੋਨ, ਜੋ ਕਿ ਵੱਖ-ਵੱਖ ਮੁੱਦਿਆਂ ਉਤੇ ਆਏ ਸੁਣੇ। ਉਨਾਂ ਦੱਸਿਆ ਕਿ 5 ਲਾਇਨਾਂ ਵਾਲੇ ਇਸ ਕੰਟਰੋਲ ਰੂਮ ਵਿਚ ਇਕੋ ਸਮੇਂ 5 ਕਰਮਚਾਰੀ ਫੋਨ ਸੁਣਦੇ ਅਤੇ ਉਨਾਂ ਦਾ ਨਿਪਟਾਰਾ ਕਰਦੇ ਹਨ। ਉਨਾਂ ਦੱਸਿਆ ਕਿ ਇੱਥੇ ਪਹੁੰਚ ਕਰਨ ਵਾਲੇ ਹਰੇਕ ਵਿਅਕਤੀ ਨੂੰ ਉਸਦੀ ਆਸ ਅਨੁਸਾਰ ਸਹਾਇਤਾ ਦਿੱਤੀ ਜਾਂਦੀ ਹੈ ਅਤੇ ਜਿੰਨਾ ਕੇਸਾਂ ਵਿਚ ਨਿੱਜੀ ਪਹੁੰਚ ਦੀ ਲੋੜ ਹੋਵੇ, ਉਥੇ ਸਾਡੇ ਐਸ ਡੀ ਐਮਜ਼ ਵੱਲੋਂ ਹਰ ਵੇਲੇ ਤਿਆਰ ਰੱਖੀਆਂ ਟੀਮਾਂ ਪੁੱਜਦੀਆਂ ਹਨ ਤੇ ਮਸਲਾ ਹੱਲ ਕਰਕੇ ਸਾਨੂੰ ਰਿਪੋਰਟ ਕਰਦੀਆਂ ਹਨ। ਇਸ ਮੌਕੇ ਸਹਾਇਕ ਕਮਿਸ਼ਨਰ ਸ੍ਰੀਮਤੀ ਅਨਮਜੋਤ ਕੌਰ ਨੇ ਦੱਸਿਆ ਕਿ ਸਾਡੀਆਂ ਟੀਮਾਂ ਵੱਲੋਂ ਜਿਲੇ ਭਰ ਵਿਚ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਦੀ ਮਦਦ ਨਾਲ 80 ਹਜ਼ਾਰ ਲੋਕਾਂ ਨੂੰ ਲੰਗਰ ਅਤੇ 5000 ਲੋਕਾਂ ਨੂੰ ਸੁੱਕੇ ਰਾਸ਼ਨ ਵੰਡਿਆ ਗਿਆ ਹੈ। ਉਨਾਂ ਅਪੀਲ ਕੀਤੀ ਕਿ ਇਹ ਕੰਟਰੋਲ ਰੂਮ ਜਿਸ ਦੇ ਫੋਨ ਨੰਬਰ 0183-2500398, 2500498, 2500598, 2500698 ਅਤੇ 2500798 ਹਨ, ਤੁਹਾਡੀ ਸਹਾਇਤਾ ਲਈ ਕੰਮ ਕਰਦੇ ਹਨ ਅਤੇ ਤੁਸੀਂ ਬਿਨਾ ਝਿਜਕ ਫੋਨ ਕਰਕੇ ਸਹਾਇਤਾ ਲੈ ਸਕਦੇ ਹੋ।

ਕੈਪਸ਼ਨ:----ਸ. ਅੰਕੁਰਜੀਤ ਸਿੰਘ (ਆਈ ਏ ਐਸ) ਸਹਾਇਕ ਕਮਿਸ਼ਨਰ ਕੰਟਰੋਲ ਰੂਮ ਵਿਚ ਬੈਠ ਕੇ ਲੋਕਾਂ ਦੇ ਮਸਲੇ ਸੁਣਦੇ ਹੋਏ।

ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਅੰਮ੍ਰਿਤਸਰ ਕੰਟਰੋਲ ਰੂਮ ਤੋਂ ਮਿਲੀ ਮਦਦ ਨੇ ਗਰਭਪਤੀ ਔਰਤ ਨੂੰ ਹਸਪਤਾਲ ਪੁਹੰਚਾਇਆ ਆਈ. ਐਮ. ਏ. ਦੀ ਮਦਦ ਨਾਲ ਨਿੱਜੀ ਹਸਪਤਾਲ ਵਿਚ ਦਿੱਤਾ ਪੁੱਤਰ ਨੂੰ ਜਨਮ ਅੰਮ੍ਰਿਤਸਰ, 12 ਅਪ੍ਰੈਲ ( )-ਕੋਵਿਡ 19 ਦੇ ਸੰਕਟ ਨਾਲ ਨਿਜੱਠਣ ਲਈ ਪੰਜਾਬ ਸਰਕਾਰ ਵੱਲੋਂ ਲਗਾਏ ਗਏ ਕਰਫਿਊ ਦੌਰਾਨ ਆਮ ਲੋਕਾਂ ਦੇ ਮਸਲੇ ਹੱਲ ਕਰਨ ਲਈ ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿਲੋਂ ਦੀ ਸੋਚ ਸਦਕਾ ਜ਼ਿਲੇ ਵਿਚ 24 ਘੰਟੇ ਕੰਮ ਰਿਹਾ ਕੰਟਰੋਲ ਰੂਮ ਨਾ ਕੇਵਲ ਭੁੱਖਿਆ ਨੂੰ ਰੋਟੀ ਅਤੇ ਲੋੜਵੰਦਾਂ ਨੂੰ ਕਰਫਿਊ ਪਾਸ ਹੀ ਜਾਰੀ ਕਰਵਾਉਣ ਵਿਚ ਮਦਦ ਕਰ ਰਿਹਾ ਹੈ, ਬਲਕਿ ਡਾਕਟਰੀ ਸਹਾਇਤਾ ਦੇ ਨਾਲ-ਨਾਲ ਹਰੇਕ ਨਿੱਜੀ ਲੋੜ ਪੂਰੀ ਕਰਨ ਦੀ ਆਸ ਵਿਚ ਫੋਨ ਕਰਨ ਵਾਲੇ ਨੂੰ ਵੀ ਸਹਾਇਤਾ ਦਿੱਤੀ ਜਾ ਰਹੀ ਹੈ। ਅੱਜ ਇਸ ਕੰਟਰੋਲ ਰੂਮ ਉਤੇ ਇਕ ਫੋਨ ਨਾਲ ਇਕ ਗਰਭਵਤੀ ਔਰਤ ਨੂੰ ਸਮੇਂ ਸਿਰ ਹਸਪਤਾਲ ਪਹੁੰਚਾਇਆ ਗਿਆ, ਜਿੱਥੇ ਉਸਨੇ ਪੁੱਤਰ ਨੂੰ ਜਨਮ ਦਿੱਤਾ। ਵਧੀਕ ਡਿਪਟੀ ਕਮਿਸ਼ਨਰ ਡਾ. ਹਿਮਾਸ਼ੂੰ ਅਗਰਵਾਲ ਨੇ ਦੱਸਿਆ ਕਿ ਕੰਟਰੋਲ ਰੂਮ ਤੇ ਅੱਜ ਸੇਵਰੇ ਕਿਸੇ ਵਿਅਕਤੀ ਨੇ ਫੋਨ ਕਰਕੇ ਇਕ ਗਰਭਵਤੀ ਔਰਤ ਦੀ ਮੁਸ਼ਿਕਲ ਬਾਰੇ ਦੱਸਿਆ ਅਤੇ ਡਾਕਟਰੀ ਸਹਾਇਤਾ ਦੀ ਮੰਗ ਕੀਤੀ। ਉਕਤ ਔਰਤ ਜਣੇਪੇ ਦੇ ਨਾਲ-ਨਾਲ ਲੰਮੀ ਬਿਮਾਰੀ ਨਾਲ ਵੀ ਘਿਰੀ ਹੋਈ ਸੀ, ਜਿਸ ਕਾਰਨ ਉਸ ਨੂੰ ਡਾਕਟਰੀ ਸਹੂਲਤ ਮਿਲਣ ਵਿਚ ਵੀ ਮੁਸ਼ਿਕਲ ਆ ਰਹੀ ਸੀ। ਫੋਨ ਸੁਣਨ ਵਾਲੇ ਕਰਮਚਾਰੀ ਨੇ ਇਸ ਬਾਰੇ ਸਹਾਇਕ ਕਮਿਸ਼ਨਰ ਸ੍ਰੀਮਤੀ ਅਨਮਜੋਤ ਕੌਰ ਨੂੰ ਦੱਸਿਆ, ਜਿੰਨਾ ਨੇ ਤਰੁੰਤ ਇਹ ਮਸਲਾ ਵਧੀਕ ਡਿਪਟੀ ਕਮਿਸ਼ਨਰ ਡਾ. ਹਿਮਾਸ਼ੂੰ ਅਗਰਵਾਲ ਦੇ ਧਿਆਨ ਵਿਚ ਲਿਆਂਦਾ। ਡਾ. ਹਿਮਾਸ਼ੂੰ ਨੇ ਬਿਨਾਂ ਕੋਈ ਸਮਾਂ ਗਵਾਏ ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ ਐਮ ਏ) ਦੀ ਇਕਾਈ ਦੇ ਪ੍ਰਧਾਨ ਡਾ. ਆਰ. ਐਸ. ਸੇਠੀ ਨਾਲ ਗੱਲਬਾਤ ਕੀਤੀ, ਜਿੰਨਾ ਨੇ ਤਰੁੰਤ ਨਿੱਜੀ ਹਸਪਤਾਲ ਨੂੰ ਫੋਨ ਕਰਕੇ ਮਦਦ ਮੰਗੀ ਅਤੇ ਉਸ ਔਰਤ ਨੂੰ ਇਲਾਜ ਲਈ ਉਥੇ ਭੇਜ ਦਿੱਤਾ। ਇੱਥੇ ਇਲਾਜ ਦੌਰਾਨ ਉਕਤ ਔਰਤ ਨੇ ਲੜਕੇ ਨੂੰ ਜਨਮ ਦਿੱਤਾ। ਉਕਤ ਔਰਤ ਨੇ ਸਮੇਂ ਸਿਰ ਮਿਲੀ ਸਹਇਤਾ, ਜਿਸਨੇ ਉਸਦੀ ਅਤੇ ਉਸਦੇ ਬੱਚੇ ਦੀ ਜਾਨ ਬਚਾਈ ਲਈ ਜਿਲਾ ਪ੍ਰਸ਼ਾਸਨ ਦਾ ਧੰਨਵਾਦ ਕੀਤਾ। ਡਾ. ਹਿਮਾਸ਼ੂੰ ਅਗਰਵਾਲ ਨੇ ਫੋਨ ਕਰਕੇ ਮਦਦ ਮੰਗਣ ਵਾਲੇ ਵਿਅਕਤੀ ਅਤੇ ਆਈ. ਐਮ. ਏ. ਦਾ ਧੰਨਵਾਦ ਕਰਦੇ ਕਿਹਾ ਕਿ ਸਾਨੂੰ ਖੁਸ਼ੀ ਹੈ ਕਿ ਅਸੀਂ ਕਿਸੇ ਜ਼ਰੂਰਤਮੰਦ ਦੇ ਕੰ ੰਮ ਆ ਸਕੇ ਹਾਂ। ਉਨਾਂ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਕੰਟਰੋਲ ਰੂਮ ਉਤੇ ਅਜਿਹੇ ਲੋੜਵੰਦਾਂ ਲਈ ਹੀ ਫੋਨ ਕਰਨ, ਨਾ ਕਿ ਕਿਸੇ ਲਾਲਚ ਵਿਚ ਸਰਕਾਰੀ ਸਹਾਇਤਾ ਦੀ ਤਵੱਕੋਂ ਦੀ ਆਸ ਵਿਚ ਫੋਨ ਕਰਨ। ਇਸ ਨਾਲ ਫੋਨ ਸੁਣਨ ਵਾਲੇ ਤੋਂ ਲੈ ਕੇ ਮੌਕੇ ਉਤੇ ਪਹੁੰਚਣ ਵਾਲੀ ਟੀਮ ਦਾ ਵਕਤ ਫਜ਼ਲੂ ਜਾਂਦਾ ਹੈ ਅਤੇ ਫੋਨ ਸੁਣਨ ਵਾਲੇ ਕਰਮਚਾਰੀਆਂ ਵਿਚ ਕਾਲਰ ਪ੍ਰਤੀ ਸ਼ੰਕੇ ਵੀ ਉਪਜਦੇ ਹਨ।

**ਜਿਲਾ ਪ੍ਰਸ਼ਾਸ਼ਨ ਕਾਲਾਬਾਜ਼ਾਰੀ ਵਿਰੁੱਧ ਹੋਇਆ ਸਖਤ**

**-ਕਈ ਦੁਕਾਨਾਂ ਦੇ ਚਲਾਨ ਕੱਟੇ, ਤਿੰਨ ਦੁਕਾਨਾਂ ਕੀਤੀਆਂ ਬੰਦ**

ਅੰਮ੍ਰਿਤਸਰ, 12 ਅਪ੍ਰੈਲ ( )-ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿਲੋਂ ਵੱਲੋਂ ਸੰਕਟ ਦੇ ਸਮੇਂ ਲੋਕਾਂ ਦੀ ਲੁੱਟ ਕਰਨ ਵਾਲੇ ਦੁਕਾਨਦਾਰਾਂ ਵਿਰੁੱਧ ਸਖਤ ਕਾਰਵਾਈ ਕਰਨ ਦੀਆਂ ਪ੍ਰਾਪਤ ਹੋਈਆਂ ਹਦਾਇਤਾਂ ਦੇ ਮੱਦੇਨਜ਼ਰ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਨੇ ਆਪਣੀ ਟੀਮਾਂ ਨਾਲ ਦੁਕਾਨਾਂ ਉਤੇ ਛਾਪੇ ਮਾਰ ਕੇ ਕਈ ਦੁਕਾਨਾਂ ਨੂੰ ਮੋਟੇ ਜੁਰਮਾਨੇ ਪਾਏ ਹਨ ਅਤੇ ਤਿੰਨ ਦੁਕਾਨਾਂ ਜੋ ਕਿ ਕਾਨੂੰਨ ਅਨੁਸਾਰ ਕੰਮ ਨਹੀਂ ਸਨ, ਕਰ ਰਹੀਆਂ ਨੂੰ ਬੰਦ ਕਰਵਾ ਦਿੱਤਾ ਹੈ।

ਜਿਲਾ ਖੁਰਾਕ ਤੇ ਸਪਲਾਈ ਕੰਟਰੋਲਰ ਸ ਲਖਵਿੰਦਰ ਸਿੰਘ ਨੇ ਦੱਸਿਆ ਕਿ ਬਸੰਤ ਐਵੀਨਿਊ ਦੇ ਗੈਟਵੈਲ ਮੈਡੀਕੋ ਨੂੰ ਵੱਧ ਰੇਟ ਵਸੂਲਣ ਕਾਰਨ 2000 ਰੁਪਏ ਜੁਰਮਾਨ ਪਾਇਆ ਗਿਆ ਹੈ, ਜਦਕਿ ਇਸੇ ਇਲਾਕੇ ਵਿਚ ਬਿਨਾਂ ਕਰਫਿਊ ਪਰਮਿਟ ਤੋਂ ਖੋਲਿਆ ਗਿਆ ਗੁਰੂ ਨਾਨਕ ਸਟੋਰ ਬੰਦ ਕਰਵਾ ਦਿੱਤਾ ਹੈ। ਇਸੇ ਤਰਾਂ ਹਾਈਡ ਮਾਰਕੀਟ ਵਿਚ ਬਿਨਾਂ ਪਰਮਿਟ ਤੋਂ ਖੋਲ਼ੀ ਗਈ ਦੁਕਾਨ ਨੂੰ ਬੰਦ ਕਰਵਾਇਆ ਗਿਆ, ਜਦਕਿ ਸਹਿਗਲ ਟਰੇਡਿੰਗ ਕੰਪਨੀ ਰਾਮ ਬਾਗ ਨੂੰ ਆਟੇ ਦੀਆਂ ਬੋਰੀਆਂ, ਜੋ ਕਿ ਲਿਖੇ ਭਾਰ ਨਾਲੋਂ ਘੱਟ ਮਿਲੀਆਂ, ਵੇਚਣ ਦੇ ਦੋਸ਼ ਵਿਚ 10 ਹਜ਼ਾਰ ਰੁਪਏ ਜੁਰਮਾਨਾ ਕੀਤਾ ਗਿਆ ਅਤੇ ਸਾਰਾ ਸਟਾਕ ਸਬੰਧਤ ਕੰਪਨੀ ਬੀ.ਬੀ.ਐਸ. ਫਲੋਰ ਮਿਲ, ਲੁਹਾਰਕਾ ਰੋਡ ਨੂੰ ਭੇਜਣ ਲਈ ਸੀਲ ਕਰ ਦਿੱਤਾ ਗਿਆ। ਇਸੇ ਤਰਾਂ ਰਾਧਾ ਸੁਆਮੀ ਜਨਰਲ ਸਟੋਰ, 100 ਫੁੱਟੀ ਰੋਡ, ਜੋ ਕਿ ਬਿਨਾਂ ਕਰਫਿਊ ਪਰਮਿਟ ਦੇ ਖੋਲੀ ਗਈ ਸੀ, ਵਿਚ ਵਸਤਾਂ ਦੇ ਮੁੱਲ ਡਿਸਪਲੇਅ ਵੀ ਨਹੀਂ ਸਨ, ਨੂੰ ਬੰਦ ਕਰਵਾ ਕੇ ਪੁਲਿਸ ਨੂੰ ਅਗਲੀ ਕਾਰਵਾਈ ਲਈ ਲਿਖ ਦਿੱਤਾ ਗਿਆ ਹੈ। ਉਨਾਂ ਕਿਹਾ ਕਿ ਸਾਡੀਆਂ ਟੀਮਾਂ ਜ਼ਿਲੇ ਭਰ ਵਿਚ ਸਰਗਰਮ ਹੋ ਚੁੱਕੀਆਂ ਹਨ ਅਤੇ ਜਿਸ ਵੀ ਦੁਕਾਨਦਾਰ ਨੇ ਲੋਕਾਂ ਕੋਲੋਂ ਵੱਧ ਪੈਸੇ ਵਸੂਲਣ ਦੀ ਗਲਤੀ ਕੀਤੀ, ਉਸ ਨੂੰ ਮੁਆਫ਼ ਨਹੀਂ ਕੀਤਾ ਜਾਵੇਗਾ।

**ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਅੰਮ੍ਰਿਤਸਰ**

**ਅੰਮ੍ਰਿਤਸਰ ਦੇ ਪ੍ਰਭਾਵਿਤ ਇਲਾਕਿਆਂ ਵਿਚ ਕੋਵਿਡ 19 ਲਈ ਸਕਰੀਨਿੰਗ ਸ਼ੁਰੂ**

**-42 ਟੀਮਾਂ ਘਰ-ਘਰ ਜਾ ਕੇ ਲੈਣਗੀਆਂ ਪਰਿਵਾਰ ਦੇ ਹਰੇਕ ਜੀਅ ਦੀ ਸਾਰ**

ਅੰਮ੍ਰਿਤਸਰ, 12 ਅਪ੍ਰੈਲ ( )-ਅੰਮ੍ਰਿਤਸਰ ਸ਼ਹਿਰ ਦੇ ਉਹ ਇਲਾਕੇ ਜਿਸ ਵਿਚ ਕੋਵਿਡ 19 ਕਾਰਨ ਅਕਾਲ ਚਲਾਣਾ ਕਰ ਗਏ ਭਾਈ ਨਿਰਮਲ ਸਿੰਘ ਖਾਲਸਾ ਅਤੇ ਕਾਰਪੋਰੇਸ਼ਨ ਦੇ ਸਾਬਕਾ ਐਸ. ਈ. ਜਸਵਿੰਦਰ ਸਿੰਘ ਦਾ ਘਰ ਹਨ, ਵਿਚੋਂ ਵਾਇਰਸ ਪ੍ਰਭਾਵਿਤ ਲੋਕਾਂ ਦੀ ਸ਼ਨਾਖਤ ਤੇ ਇਲਾਜ ਲਈ ਜਿਲਾ ਪ੍ਰਸ਼ਾਸਨ ਨੇ ਘਰ-ਘਰ ਟੀਮਾਂ ਭੇਜ ਕੇ ਇਨਾਂ ਇਲਾਕਿਆਂ ਦੇ ਵਸਨੀਕਾਂ ਦੀ ਸਿਹਤ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਅੱਜ ਲੋਕ ਸਭਾ ਮੈਂਬਰ ਸ. ਗੁਰਜੀਤ ਸਿੰਘ ਔਜਲਾ, ਮੇਅਰ ਸ. ਕਰਮਜੀਤ ਸਿੰਘ ਰਿੰਟੂ, ਵਿਧਾਇਕ ਸ. ਇੰਦਰਬੀਰ ਸਿੰਘ ਬੁਲਾਰੀਆ, ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿਲੋਂ, ਪੁਲਿਸ ਕਮਿਸ਼ਨਰ ਡਾ. ਸੁਖਚੈਨ ਸਿੰਘ ਅਤੇ ਹੋਰ ਅਧਿਕਾਰੀਆਂ ਨੇ ਜੋਧ ਨਗਰੀ ਡਿਸਪੈਂਸਰੀ ਤੋਂ ਇਨਾਂ ਟੀਮਾਂ ਨੂੰ ਸ਼ੁਭ ਇਛਾਵਾਂ ਦਿੰਦੇ ਹੋਏ ਇਸ ਅਹਿਮ ਕੰਮ ਲਈ ਤੋਰਿਆ। ਸਕਰੀਨਿੰਗ ਦੇ ਪਹਿਲੇ ਪੜਾਅ ਲਈ ਚੁਣੇ ਗਏ ਇਲਾਕਿਆਂ ਕਾਂਗੜਾ ਕਾਲੋਨੀ, ਅਮਰਕੋਟ, ਸੁੰਦਰ ਨਗਰ, ਅੰਤਰਯਾਮੀ ਕਾਲੋਨੀ, ਗੋਲਡਨ ਐਵੀਨਿਊ ਲਈ ਗਈਆਂ ਇਹ 42 ਟੀਮਾਂ 11000 ਦੇ ਕਰੀਬ ਘਰਾਂ ਦੀ ਜਾਂਚ ਕਰਨਗੀਆਂ ਅਤੇ ਇਸ ਵਿਚ ਤਿੰਨ ਦਿਨ ਦਾ ਸਮਾਂ ਲੱਗਣ ਦੀ ਸੰਭਾਵਨਾ ਹੈ।

ਇਸ ਮੌਕੇ ਪ੍ਰੈਸ ਨਾਲ ਗੱਲਬਾਤ ਕਰਦੇ ਲੋਕ ਸਭਾ ਮੈਂਬਰ ਸ. ਗੁਰਜੀਤ ਸਿੰਘ ਔਜਲਾ ਨੇ ਇਸ ਕੋਸ਼ਿਸ਼ ਲਈ ਜਿਲਾ ਪ੍ਰਸ਼ਾਸ਼ਨ ਦਾ ਧੰਨਵਾਦ ਕਰਦੇ ਕਿਹਾ ਕਿ ਇਲਾਕੇ ਦੇ ਹਰੇਕ ਵਾਸੀ ਦੀ ਸਿਹਤ ਦੀ ਜਾਂਚ ਕਰਨ ਨਾਲ ਪ੍ਰਭਾਵਿਤ ਵਿਅਕਤੀ ਦਾ ਇਲਾਜ ਵੀ ਹੋ ਸਕੇਗਾ ਅਤੇ ਵਾਇਰਸ ਨੂੰ ਅੱਗੇ ਫੈਲਣ ਤੋਂ ਰੋਕਿਆ ਵੀ ਜਾ ਸਕੇਗਾ। ਮੇਅਰ ਸ. ਕਰਮਜੀਤ ਸਿੰਘ ਰਿੰਟੂ ਨੇ ਦੱਸਿਆ ਕਿ ਜੇਕਰ ਕਿਧਰੇ ਸ਼ੱਕੀ ਮਰੀਜ਼ ਮਿਲਦਾ ਹੈ ਤਾਂ ਤੁਰੰਤ ਰੈਪਿਡ ਐਕਸ਼ਨ ਟੀਮ ਮਰੀਜ਼ ਨੂੰ ਟੈਸਟ ਲਈ ਲੈ ਜਾਵੇਗੀ। ਇਸ ਟੈਸਟ ਲਈ ਵੀ ਇੰਨਾਂ ਇਲਾਕਿਆਂ ਵਿਚ ਪੰਜ ਸਥਾਨ ਚੁਣੇ ਗਏ ਹਨ, ਜਿੱਥੇ ਕਿ ਟੈਸਟ ਵਾਲੀਆਂ ਟੀਮਾਂ ਬੈਠਣਗੀਆਂ।

ਵਿਧਾਇਕ ਸ. ਇੰਦਰਬੀਰ ਸਿੰਘ ਬੁਲਾਰੀਆਂ ਨੇ ਟੀਮ ਮੈਂਬਰਾਂ ਨੂੰ ਕੋਰੋਨਾ ਦੇ ਯੋਧੇ ਦੱਸਦੇ ਸਲੂਟ ਪੇਸ਼ ਕਰਦੇ ਕਿਹਾ ਕਿ ਤੁਹਾਡੇ ਨੇਕ ਕਾਰਜ ਨਾਲ ਇਨਾਂ ਇਲਾਕਿਆਂ ਵਿਚੋਂ ਕਈਆਂ ਦਾ ਭਲਾ ਹੋਵੇਗਾ। ਕਿਉਂਕਿ ਜੇਕਰ ਕੋਈ ਸ਼ੱਕੀ ਮਰੀਜ਼ ਮਿਲਿਆ ਤਾਂ ਉਸਦਾ ਟੈਸਟ ਹੋ ਸਕੇਗਾ ਅਤੇ ਜੇਕਰ ਟੈਸਟ ਹਾਂ ਵਿਚ ਆਇਆ ਤਾਂ ਉਸਦਾ ਇਲਾਜ ਹੋ ਸਕੇਗਾ। ਇਸ ਤੋਂ ਇਲਾਵਾ ਉਸਦੇ ਪਰਾਵਰ ਤੇ ਆਂਢ-ਗੁਆਂਢ ਵਿਚ ਵਾਇਰਸ ਨੂੰ ਫੈਲਣ ਤੋਂ ਰੋਕ ਸਕਾਂਗੇ।

ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿੱਲੋਂ ਨੇ ਉਕਤ ਟੀਮਾਂ ਨੂੰ ਹਰ ਤਰਾਂ ਦਾ ਸਾਥ ਦੇਣ ਦਾ ਭਰੋਸਾ ਦਿੰਦੇ ਕਿਹਾ ਕਿ ਇੰਨਾਂ ਟੀਮਾਂ ਦੀ ਰਿਪੋਰਟ ਅਨੁਸਾਰ ਜੇਕਰ ਕੋਈ ਪ੍ਰਭਾਵਿਤ ਮਰੀਜ਼ ਲੱਭਦਾ ਹੈ ਤਾਂ ਉਸ ਦਾ ਇਲਾਜ, ਇਕਾਂਤਵਾਸ ਆਦਿ ਦੇ ਪ੍ਰਬੰਧ ਨਾਲੋ-ਨਾਲ ਕੀਤੇ ਜਾਣਗੇ। ਉਨਾਂ ਦੱਸਿਆ ਕਿ ਅੱਜ ਦੀ ਇਸ ਜਾਂਚ ਲਈ ਸਿਹਤ ਵਿਭਾਗ ਦੇ ਨਾਲ-ਨਾਲ ਸਾਨੂੰ ਨਿੱਜੀ ਡਾਕਟਰਾਂ ਦਾ ਵੀ ਸਹਿਯੋਗ ਮਿਲ ਰਿਹਾ ਹੈ। ਉਨਾਂ ਕਿਹਾ ਕਿ ਇਸ ਤੋਂ ਬਾਅਦ ਸ਼ਹਿਰ ਦੇ ਹੋਰ ਇਲਾਕੇ ਜਿੱਥੇ ਵੀ ਲੋੜ ਮਹਿਸੂਸ ਹੋਵੇਗੀ, ਵਿਖੇ ਟੀਮਾਂ ਭੇਜੀਆਂ ਜਾਣਗੀਆਂ ਅਤੇ ਇਹ ਕੰਮ ਵਾਇਰਸ ਦੇ ਖਾਤਮੇ ਤੱਕ ਜਾਰੀ ਰਹੇਗਾ। ਇਸ ਮੌਕੇ ਡਾਕਟਰ ਆਰ. ਐਸ. ਸੇਠੀ, ਡਾ. ਰਸ਼ਮੀ, ਕੋਵਿਡ 19 ਦੇ ਨੋਡਲ ਅਧਿਕਾਰੀ ਡਾ. ਮਦਨ ਮੋਹਨ ਅਤੇ ਹੋਰ ਡਾਕਟਰ ਵੀ ਹਾਜ਼ਰ ਸਨ।

ਕੈਪਸ਼ਨ:--ਪ੍ਰਭਾਵਿਤ ਇਲਾਕਿਆਂ ਦੀ ਸਕਰੀਨਿੰਗ ਲਈ ਟੀਮਾਂ ਨੂੰ ਘਰ-ਘਰ ਤੋਰਨ ਮੌਕੇ ਸੰਸਦ ਮੈਬਰ ਸ. ਗੁਰਜੀਤ ਸਿੰਘ ਔਜਲਾ, ਵਿਧਾਇਕ ਸ. ਇੰਦਰਬੀਰ ਸਿੰਘ ਬੁਲਾਰੀਆ, ਮੇਅਰ ਸ. ਕਰਮਜੀਤ ਸਿੰਘ ਰਿੰਟੂ, ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿੱਲੋਂ ਅਤੇ ਹੋਰ।

**ਦਫਤਰ ਜ਼ਿਲ੍ਹਾ ਲੋਕ ਸੰਪਰਕ ਅਫਸਰ, ਅੰਮ੍ਰਿਤਸਰ**

**ਕਣਕ ਦੀ ਖਰੀਦ ਲਈ ਭਗਤਾਂਵਾਲਾ ਮੰਡੀ ਵਿਚ ਕਰਵਾਈ ਰਸਾਇਣ ਦੀ ਸਪਰੇਅ**

**ਕਿਸਾਨਾਂ, ਮਜ਼ਦੂਰਾਂ, ਆੜ੍ਹਤੀਆਂ ਤੇ ਅਧਿਕਾਰੀਆਂ ਦੀ ਹਿਫਾਜ਼ਤ ਸਾਡੀ ਪਹਿਲੀ ਤਰਜੀਹ-ਔਜਲਾ**

**-ਸ਼ਹਿਰ ਦੇ ਹਰੇਕ ਹਿੱਸੇ ਨੂੰ ਵਾਇਰਸ ਮੁੱਕਤ ਕਰਕੇ ਹੀ ਦਮ ਲਵਾਂਗੇ-ਮੇਅਰ**

**-ਕਿਸਾਨਾਂ ਦੀ ਜਿਣਸ ਦਾ ਇਕ-ਇਕ ਦਾਣਾ ਖਰੀਦੇਗੀ ਪੰਜਾਬ ਸਰਕਾਰ-ਬੁਲਾਰੀਆ**

ਅੰਮ੍ਰਿਤਸਰ, 12 ਅਪਰੈਲ ( )- ਕੋਵਿਡ-19 ਦੇ ਚੱਲਦੇ ਜ਼ਿਲੇ ਵਿਚ ਕਣਕ ਦੀ ਸੁਰੱਖਿਅਤ ਖਰੀਦ ਕਰਨ ਲਈ ਕਣਕ ਦੀਆਂ ਮੰਡੀਆਂ ਵਿਚ ਸੋਡੀਅਮ ਹਾਈਪੋ ਕਲੋਰਾਈਟ ਦੀ ਸਪਰੇਅ ਕਰਵਾਈ ਜਾ ਰਹੀ ਹੈ। ਅੱਜ ਭਗਤਾਂਵਾਲਾ ਦਾਣਾ ਮੰਡੀ ਵਿਚ ਕੀਤੇ ਜਾ ਰਹੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਪੁੱਜੇ ਲੋਕ ਸਭਾ ਮੈਂਬਰ ਸ. ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਜ਼ਿਲੇ 'ਚ ਸਾਰੇ ਖਰੀਦ ਕੇਂਦਰਾਂ ਨੂੰ ਸੋਡੀਅਮ ਹਾਈਪ੍ਰੋਕਲੋਰਾਇਟ ਨਾਲ ਸੈਨੇਟਾਈਜ਼ ਕਰਵਾਉਣ ਦਾ ਕੰਮ ਜਾਰੀ ਹੈ। ਉਨਾਂ ਕਿਹਾ ਕਿ ਮੰਡੀਆਂ ਵਿਚ ਆਉਣ ਵਾਲੇ ਕਿਸਾਨਾਂ, ਆੜਤੀਆਂ, ਮਜ਼ਦੂਰਾਂ ਤੇ ਸਰਕਾਰੀ ਅਧਿਕਾਰੀਆਂ ਦੀ ਸੁਰੱਖਿਆ ਸਾਡੀ ਪਹਿਲੀ ਤਰਜੀਹ ਹੈ ਅਤੇ ਇਸ ਲਈ ਮੰਡੀਆਂ ਵਿਚ ਜਿੱਥੇ ਹੱਥ ਧੋਣ ਲਈ ਸਾਬਣ ਤੇ ਪਾਣੀ ਦਾ ਢੁੱਕਵਾਂ ਪ੍ਰਬੰਧ ਕੀਤਾ ਜਾ ਰਿਹਾ ਹੈ, ਉਥੇ ਲੋਕਾਂ ਦੀ ਆਪਸੀ ਦੂਰੀ ਨੂੰ ਬਣਾਈ ਜਾਵੇਗਾ। ਉਨਾਂ ਕਿਹਾ ਕਿ ਖਰੀਦ ਨੂੰ ਕੋਵਿਡ 19 ਦੀਆਂ ਸਾਵਧਾਨੀਆਂ ਪੂਰੀ ਕਰਦੇ ਹੋਏ ਕੀਤਾ ਜਾਵੇਗਾ। ਇਸ ਮੌਕੇ ਉਚੇਚੇ ਤੌਰ ਉਤੇ ਪਹੁੰਚੇ ਮੇਅਰ ਸ. ਕਰਮਜੀਤ ਸਿੰਘ ਰਿੰਟੂ ਨੇ ਦੱਸਿਆ ਕਿ ਅੰਮ੍ਰਿਤਸਰ ਸ਼ਹਿਰ ਦਾ ਹਰੇਕ ਕੋਨਾ ਵਾਇਰਸ ਮੁਕਤ ਕੀਤਾ ਜਾ ਰਿਹਾ ਹੈ ਅਤੇ ਇਸ ਹਾਲਤ ਵਿਚ ਸਾਡੀ ਮੰਡੀ, ਜਿੱਥੇ ਕਿ ਸੀਜ਼ਨ ਵਿਚ ਲੱਖਾਂ ਲੋਕਾਂ ਨੇ ਆਉਣਾ ਹੈ, ਨੂੰ ਕਿਸੇ ਵੀ ਹਾਲਤ ਵਿਚ ਅਣਸੁਰੱਖਿਅਤ ਨਹੀਂ ਸੀ ਰੱਖਿਆ ਜਾ ਸਕਦਾ। ਉਨਾਂ ਦੱਸਿਆ ਕਿ ਭਗਤਾਂਵਾਲਾ ਮੰਡੀ ਸਪਰੇਅ ਜਾਰੀ ਹੈ ਅਤੇ ਜਿਮੀਂਦਾਰਾਂ ਨੂੰ ਮੰਡੀਆਂ 'ਚ ਕਿਸੇ ਵੀ ਤਰਾਂ ਦੀ ਮੁਸ਼ਿਕਲ ਨਾ ਆਵੇ, ਦੇ ਪ੍ਰਬੰਧ ਕੀਤੇ ਜਾ ਰਹੇ ਹਨ। ਉਨਾਂ ਕਿਹਾ ਕਿ ਮੰਡੀ ਸਾਡੇ ਸ਼ਹਿਰ ਦਾ ਹਿੱਸਾ ਹੈ ਅਤੇ ਅਸੀਂ ਚਾਹੁੰਦੇ ਹਾਂ ਕਿ ਇਹ ਸੁਰੱਖਿਅਤ ਸਥਾਨ ਹੋਵੇ, ਤਾਂ ਜੋ ਸ਼ਹਿਰ ਵਾਸੀਆਂ ਨੂੰ ਕੋਈ ਪਰੇਸ਼ਾਨੀ ਨਾ ਆਵੇ। ਉਨਾਂ ਇਸ ਮੌਕੇ ਮੰਡੀ ਵਿਚ ਆਪ ਸਪਰੇਅ ਕਰਕੇ ਕਰਮਚਾਰੀਆਂ ਦਾ ਹੌਂਸਲਾ ਵਧਾਇਆ ਅਤੇ ਕਿਹਾ ਕਿ ਸ਼ਹਿਰ ਵਿਚ ਤੁਹਾਡੇ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਇਕ ਮਿਸਾਲ ਹਨ।

ਹਲਕਾ ਵਿਧਾਇਕ ਸ. ਇੰਦਰਬੀਰ ਸਿੰਘ ਬੁਲਾਰੀਆ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੰਕਟ ਨਾਲ ਨਿੱਜਠਣ ਲਈ ਪੁਖਤਾ ਪ੍ਰਬੰਧ ਕੀਤੇ ਹਨ ਅਤੇ ਕਿਸਾਨ ਕਣਕ ਦੀ ਖਰੀਦ ਨੂੰ ਲੈ ਕੇ ਕਿਸੇ ਵੀ ਤਰਾਂ ਦੇ ਖਦਸ਼ੇ ਵਿਚ ਨਾ ਪੈਣ। ਉਨਾਂ ਕਿਹਾ ਕਿ ਮੰਡੀਆਂ ਵਿਚ ਇਕੱਠ ਰੋਕਣ ਲਈ ਇਸ ਵਾਰ ਕੂਪਨ ਵੰਡੇ ਜਾਣੇ ਹਨ ਅਤੇ ਸਮਾਂ ਵੱਧ ਲੱਗ ਸਕਦਾ ਹੈ, ਪਰ ਇਸ ਵਿਚ ਘਬਰਾਉਣ ਦੀ ਲੋੜ ਨਹੀਂ, ਸਰਕਾਰ ਕਿਸਾਨਾਂ ਦੀ ਜਿਣਸ ਦਾ ਦਾਣਾ-ਦਾਣਾ ਖਰੀਦੇਗੀ। ਉਨਾਂ ਦੱਸਿਆ ਕਿ ਕੀਤੇ ਗਏ ਪ੍ਰਬੰਧਾਂ ਅਨੁਸਾਰ ਬਿਨਾਂ ਕੂਪਨ ਤੋਂ ਟਰਾਲੀ ਨੂੰ ਮੰਡੀ ਵਿਚ ਆਉਣ ਦੀ ਆਗਿਆ ਨਹੀਂ ਹੋਵੇਗੀ। ਉਨਾਂ ਕਿਹਾ ਕਿ ਮੰਡੀ ਵਿਚ ਆਉਣ ਵਾਲੀ ਹਰੇਕ ਟਰਾਲੀ ਜਾਂ ਗੱਡੀ ਨੂੰ ਵੀ ਸੈਨੇਟਾਇਜ਼ ਕਰਨ ਦੇ ਪ੍ਰਬੰਧ ਕੀਤੇ ਜਾ ਰਹੇ ਹਨ।

ਕੈਪਸ਼ਨ:----ਭਗਤਾਂਵਾਲਾ ਮੰਡੀ ਵਿਚ ਸਪਰੇਅ ਕਰਵਾਉਣ ਮੌਕੇ ਲੋਕ ਸਭਾ ਮੈਂਬਰ ਸ. ਗੁਰਜੀਤ ਸਿੰਘ ਔਜਲਾ, ਮੇਅਰ ਸ. ਕਰਮਜੀਤ ਸਿੰਘ ਰਿੰਟੂ, ਵਿਧਾਇਕ ਸ. ਇੰਦਰਬੀਰ ਸਿੰਘ ਬੁਲਾਰੀਆ।

ਅਖੌਤੀ ਨਿਹੰਗਾਂ ਵੱਲੋਂ ਜ਼ਖਮੀ ਕੀਤੇ ਪੁਲਿਸ ਜਵਾਨ ਨੂੰ ਕਾਰ ਸੇਵਾ
ਸਰਹਾਲੀ ਸਾਹਿਬ ਵੱਲੋਂ ਇਕ ਲੱਖ ਰੁਪਏ ਦੀ ਸਹਾਇਤਾ ਦਾ ਐਲਾਨ
-ਪੁਲਿਸ ਮੁਲਾਜ਼ਮਾਂ ਉਤੇ ਕੀਤੇ ਗਿਆ ਹਮਲਾ ਅਤਿ ਨਿੰਦਣਯੋਗ-ਬਾਬਾ ਹਾਕਮ ਸਿੰਘ

ਅੰਮ੍ਰਿਤਸਰ, 12 ਅਪ੍ਰੈਲ ( )-ਪਟਿਆਲਾ ਜਿਲੇ ਵਿਚ ਨਿਹੰਗਾਂ ਦੇ ਬਾਣੇ ਵਿਚ ਆਏ ਬਹੁ-ਰੂਪੀਆਂ ਵੱਲੋਂ ਡਿਊਟੀ ਕਰ ਰਹੇ ਪੁਲਿਸ ਮਲਾਜ਼ਮਾਂ ਉਤੇ ਕੀਤੇ ਗਏ ਹਮਲੇ ਦੀ ਨਿੰਦਾ ਕਰਦੇ ਕਾਰ ਸੇਵਾ ਸੰਪਰਦਾਇ ਸਰਹਾਲੀ ਸਾਹਿਬ ਦੇ ਉਪ ਮੁਖੀ ਬਾਬਾ ਹਾਕਮ ਸਿੰਘ ਨੇ ਇਸ ਹਮਲੇ ਦੌਰਾਨ ਜ਼ਖਮੀ ਹੋਏ ਪੁਲਿਸ ਮੁਲਾਜ਼ਮ ਨੂੰ ਇਕ ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੈ। ਇਸ ਮੌਕੇ ਸ਼ਿਵਪੁਰੀ (ਮੱਧ ਪ੍ਰਦੇਸ਼) ਵਿਚ ਬੈਠੇ ਬਾਬਾ ਹਾਕਮ ਸਿੰਘ ਨੇ ਫੋਨ ਉਤੇ ਗੱਲ ਕਰਦੇ ਕਿਹਾ ਕਿ ਸੰਕਟ ਦੇ ਇਸ ਸਮੇਂ ਸਮੁੱਚੀ ਪੰਜਾਬ ਸਰਕਾਰ ਰਾਜ ਦੇ ਲੋਕਾਂ ਦੀ ਹਿਫਾਜ਼ਤ ਵਿਚ ਲੱਗੀ ਹੋਈ ਹੈ, ਜਿਸ ਵਿਚ ਪੰਜਾਬ ਪੁਲਿਸ ਸਭ ਤੋਂ ਅੱਗੇ ਹੋ ਕੇ ਕੰਮ ਕਰ ਰਹੀ ਹੈ। ਉਨਾਂ ਕਿਹਾ ਕਿ ਸਰਕਾਰ ਵੱਲੋਂ ਲਗਾਇਆ ਗਿਆ ਕਰਫਿਊ ਲੋਕਾਂ ਦੇ ਭਲੇ ਲਈ ਹੈ ਅਤੇ ਸਾਨੂੰ ਸਾਰਿਆਂ ਨੂੰ ਇਸ ਦੀ ਆਪ ਪਾਲਣਾ ਕਰਨੀ ਚਾਹੀਦੀ ਹੈ, ਨਾ ਕਿ ਪੁਲਿਸ ਦੇ ਡੰਡੇ ਨੂੰ ਉਡੀਕਣਾ ਚਾਹੀਦਾ ਹੈ।

ਉਨਾਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਇੰਨਾਂ ਨਿਹੰਗ ਬਾਣੇ ਵਿਚ ਆਏ ਵਿਅਕਤੀਆਂ ਨੇ ਲੋਕਾਂ ਦੀ ਰੱਖਿਆ ਲਈ ਡਿਊਟੀ ਕਰ ਰਹੇ ਪੁਲਿਸ ਮੁਲਾਜ਼ਮਾਂ ਉਤੇ ਹਮਲਾ ਕਰਕੇ ਕਾਇਰਤਾ ਦਾ ਸਬੂਤ ਦਿੱਤਾ ਹੈ, ਜਿਸ ਨੂੰ ਹਰਗਿਜ਼ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨਾਂ ਆਈ ਜੀ ਪਟਿਆਲਾ ਸ. ਜਤਿੰਦਰ ਸਿੰਘ ਔਲਖ ਤੇ ਜਿਲਾ ਪੁਲਿਸ ਮੁਖੀ ਸ. ਮਨਦੀਪ ਸਿੰਘ ਸਿੱਧੂ ਨੂੰ ਵਧਾਈ ਦਿੱਤੀ, ਜਿੰਨਾ ਨੇ ਬਿਨਾਂ ਕਿਸੇ ਮਰਯਾਦਾ ਭੰਗ ਕੀਤੇ ਅਤੇ ਬਿਨਾਂ ਕਿਸੇ ਜਾਨੀ-ਮਾਲੀ ਨੁਕਸਾਨ ਦੇ ਸਾਰੇ ਕਥਿਤ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਵਿਚ ਕਾਮਯਾਬੀ ਹਾਸਿਲ ਕਰ ਲਈ। ਉਨਾਂ ਕਿਹਾ ਕਿ ਕਰਫਿਊ ਹਟਣ ਮਗਰੋਂ ਉਹ ਸਿੱਧਾ ਜ਼ਿਲਾ ਪੁਲਿਸ ਮੁਖੀ ਪਟਿਆਲਾ ਨੂੰ ਮਿਲ ਕੇ ਜਿੱਥੇ ਉਨਾਂ ਨੂੰ ਇਸ ਕਾਮਯਾਬੀ ਲਈ ਸਨਮਾਨਿਤ ਕਰਨਗੇ ਉਥੇ ਇਕ ਲੱਖ ਰੁਪਏ ਸੌਂਪਣਗੇ।